**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਜਿੰਦਰ ਸਿੰਘ, ਮੋ: 98720-15069
2469, ਸੱਨੀ ਐਨਕਲੇਵ, ਸੈਕਟਰ, 125,
ਖਰੜ, ਜਿਲਾ ਮੋਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲ ਕੇਸ ਨੰ: 3728 /2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-07-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਟਰਾਂਸਪੋਰਟ ਵਿਭਾਗ ਹੁਸ਼ਿਆਰਪੁਰ ਤੋਂ ਅਗਸਤ ਤੋਂ ਦਸੰਬਰ, 2018 ਤੱਕ ਚਲਾਨਾਂ ਨਾਲ ਸਬੰਧ 06 ਨੁਕਤਿਆਂ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ ਵਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਅੱਜ ਪੇਸ਼ੀ ਤੇ ਦੋਨਾਂ ਧਿਰਾਂ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਇਸ ਲਈ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਜਿੰਦਰ ਸਿੰਘ, ਮੋ: 98720-15069
2469, ਸੱਨੀ ਐਨਕਲੇਵ, ਸੈਕਟਰ, 125,
ਖਰੜ, ਜਿਲਾ ਮੋਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਸੰਗਰੂਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲਕੇਸ ਨੰ: 3729 /2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-07-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਟਰਾਂਸਪੋਰਟ ਵਿਭਾਗ ਸੰਗਰੂਰ ਤੋਂ ਜੂਨ ਤੋਂ ਸਤੰਬਰ, 2017 ਤੱਕ ਚਲਾਨਾਂ ਨਾਲ ਸਬੰਧ 05 ਨੁਕਤਿਆਂ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ ਵਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਪਰ ਉਨ੍ਹਾ ਵਲੋਂ ਈ.ਮੇਲ ਰਾਹੀਂ ਆਪਣੇ ਪੱਤਰ ਨੰ: 6783 ਮਿਤੀ 04-12-2019 ਰਾਹੀਂ ਮਿਤੀ 15-12-2019 ਤੋਂ ਬਾਅਦ ਦੀ ਤਾਰੀਖ ਮੰਗੀ ਗਈ ਹੈ ਕਿਉਂਜ਼ੋ ਪੀ.ਆਈ.ਓ. ਐਕਸ ਇੰਡੀਆ ਲੀਵ ਤੇ ਹੈ।

4. ਅੱਜ ਪੇਸ਼ੀ ਤੇ ਦੋਨਾਂ ਧਿਰਾਂ ਵਲੋਂ ਕੋਈ ਹਾਜ਼ਰ ਨਹੀਂ ਹੋਇਆ । ਉੱਤਰਦਾਤਾ ਦੀ ਉਕਤ ਪੱਤਰ ਰਾਹੀਂ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਜਿੰਦਰ ਸਿੰਘ, ਮੋ: 98720-15069
2469, ਸੱਨੀ ਐਨਕਲੇਵ, ਸੈਕਟਰ, 125,
ਖਰੜ, ਜਿਲਾ ਮੋਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਫਿਰੋਜ਼ਪੁਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲਕੇਸ ਨੰ: 3730 /2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਹਰਕੰਵਲ ਸਿੰਘ ਡਾਟਾ ਐਟਰੀ ਉਪਰੇਟਰ (97802 -23915)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-07-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਟਰਾਂਸਪੋਰਟ ਵਿਭਾਗ ਫਿਰੋਜ਼ਪੁਰ ਤੋਂ ਸਤੰਬਰ ਤੋਂ ਦਸੰਬਰ, 2017 ਤੱਕ ਚਲਾਨਾਂ ਨਾਲ ਸਬੰਧ 14 ਨੁਕਤਿਆਂ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਹਰਕੰਵਲ ਸਿੰਘ ਡਾਟਾ ਐਟਰੀ ਉਪਰੇਟਰ ਹਾਜ਼ਰ ਹੋਇਆ । ਉਸ ਵਲੋਂ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/1433 ਮਿਤੀ 28-11-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉਸਦੀ ਡਿਊਟੀ ਲਗਾਈ ਗਈ ਹੈ ਅਤੇ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/1429 ਮਿਤੀ 28-11-2019 ਪੇਸ਼ ਕੀਤਾ ਗਿਆ ਜ਼ੋ ਕਮਿਸਨ ਨੂੰ ਸੰਬੋਧਤ ਹੈ ਅਤੇ ਉਤਾਰਾ ਅਪੀਲਕਰਤਾ ਨੂੰ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਜਿਸ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/ 843 ਮਿਤੀ 03-08-2019 ਰਾਹੀਂ ਪ੍ਰਾਰਥੀ ਵਲੋਂ ਜ਼ੋ 14 ਨੁਕਤਿਆਂ ਦੀ ਸੂਚਨਾ ਦੀ ਮੰਗ ਕੀਤੀ ਗਈ ਸੀ ਜ਼ੋ ਕਿ ਮੁਹੱਈਆ ਕਰਵਾ ਦਿੱਤੀ ਗਈ ਸੀ ਕਿ ਜਿਸ ਫਾਰਮੇਟ ਵਿਚ ਸੂਚਨਾ ਮੰਗੀ ਹੈ ਇਸ ਫਾਰਮੇਟ ਵਿਚ ਤਿਆਰ ਨਹੀਂ ਕੀਤੀ ਜਾਂਦੀ, ਸਾਫਟਵੇਅਰ ਵਿਚ ਕੁੱਲ ਪ੍ਰਾਪਤ ਹੋਈਆਂ ਅਰਜੀਆਂ ਦੀ ਰਿਪੋਰਟ ਸ਼ੋਅ ਹੁੰਦੀ ਹੈ, ਜਿਸਦੀ ਫੋਟੋ ਕਾਪੀ ਭੇਜ਼ ਦਿੱਤੀ ਗਈ ਹੈ। ਇਸ ਸਬੰਧ ਵਿਚ ਉਨ੍ਹਾਂ ਵਲੋਂ ਈ.ਮੇਲ ਮਿਤੀ 03-12-2019 ਨੂੰ ਵੀ ਸੂਚਿਤ ਕੀਤਾ ਗਿਆ ਸੀ।

4. ਅਪੀਲਕਰਤਾ ਹਾਜ਼ਰ ਨਹੀਂ ਹੋਇਆ, ਪਰ ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਉਕੱਤ ਅਨੁਸਾਰ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਮਿਤੀ 03-08-2019 ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ ਕਿ ਜਿਸ ਫਾਰਮੇਟ ਵਿਚ ਸੂਚਨਾ ਮੰਗੀ ਹੈ ਇਸ ਫਾਰਮੇਟ ਵਿਚ ਤਿਆਰ ਨਹੀਂ ਕੀਤੀ ਜਾਂਦੀ, ਸਾਫਟਵੇਅਰ ਵਿਚ ਕੁੱਲ ਪ੍ਰਾਪਤ ਹੋਈਆਂ ਅਰਜੀਆਂ ਦੀ ਰਿਪੋਰਟ ਸ਼ੋਅ ਹੁੰਦੀ ਹੈ, ਜਿਸਦੀ ਫੋਟੋ ਕਾਪੀ ਭੇਜ਼ ਦਿੱਤੀ ਗਈ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਵਲੋਂ ਜਿਹੜੀ ਜਾਣਕਾਰੀ ਮਿਤੀ 03-08-2019 ਨੂੰ ਭੇਜੀ ਗਈ ਸੀ ਉਸਨੂੰ ਦੁਬਾਰਾ ਭੇਜੀ ਜਾਵੇ ਅਤੇ ਹੁਣ ਮੁੜ ਵਿਸਥਾਰਪੂਰਵਕ ਸੂਚਨਾ ਭੇਜਦੇ ਹੋਏ ਦਸਿਆ ਜਾਵੇ ਕਿ ਇਕ ਪੱਤਰ ਪਹਿਲਾਂ ਵੀ ਲਿਖਿਆ ਗਿਆ ਸੀ। ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲਕੇਸ ਨੰ:** 3730 /2019

ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ** 20-01-2020 **ਨੂੰ ਸਵੇਰੇ** 11.30 **ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 04 **ਦਸੰਬਰ** 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਜਿੰਦਰ ਸਿੰਘ, ਮੋ: 98720-15069
2469, ਸੱਨੀ ਐਨਕਲੇਵ, ਸੈਕਟਰ, 125,
ਖਰੜ, ਜਿਲਾ ਮੋਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲਕੇਸ ਨੰ: 3731 /2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਮਨਜਿੰਦਰ ਸਿੰਘ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਦਿਆਲ ਸਿੰਘ, ਵਕੀਲ (97995-08115)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-07-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਜਿਲ੍ਹਾ ਮਾਨਸਾ ਦੀਆਂ ਪ੍ਰਾਇਵੇਟ ਪੈਸੰਜਰ ਬੱਸ ਕੰਪਨੀਆਂ, ਮਾਨਸਾ ਤੋਂ ਸਾਲ 2013 ਤੋਂ 2017 ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਮਨਜਿੰਦਰ ਸਿੰਘ ਹਾਜ਼ਰ ਹੋਇਆ , ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਕੋਈ ਸੂਚਨਾ ਨਹੀਂ ਦਿੱਤੀ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਦਿਆਲ ਸਿੰਘ, ਵਕੀਲ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 4237 ਮਿਤੀ 26-11-2019 ਪੇਸ਼ ਕੀਤਾ ਗਿਆ ਜੋ ਕਮਿਸ਼ਨ ਨੂੰ ਸੰਬੋਧਤ ਹੈ । ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮਿਤੀ 16-07-2019 ਰਾਹੀਂ ਦਿੱਤੀ ਜਾ ਚੁੱਕੀ ਹੈ।

4. ਪੇਸ਼ੀ ਦੋਰਾਨ ਉੱਤਰਦਾਤਾ ਦੇ ਨੁਮਾਇੰਦੇ ਵਲੋਂ ਲਿਆਂਦੀ ਗਈ ਉੱਕਤ ਪੱਤਰ ਨੰ: 1882 ਮਿਤੀ 16-07-2019 ਅਨੁਸਾਰ ਸੂਚਨਾ ਦਸਤੀ ਅਪੀਲਕਰਤਾ ਨੂੰ ਦਿੱਤੀ ਗਈ। ਜਿਸ ਅਨੁਸਾਰ ਮੰਗੀ ਗਈ ਸੂਚਨਾ ਕ੍ਰਿਏਟ ਕਰਨ ਵਾਲੀ ਸੂਚਨਾ ਹੈ ਅਤੇ ਮਾਨਯੋਗ ਸੁਪਰੀਮ ਕੋਰਟ ਦੀ ਰਿਟ ਪਟੀਸ਼ਨ ਨੰ: 6454/2011 ਅਨੁਸਾਰ ਜ਼ੋ ਉਪਲਭਧ ਹੋਵੇ ਉਹੀ ਦਿੱਤੀ ਜਾਣੀ ਹੈ। ਇਹ ਜਾਣਕਾਰੀ ਕ੍ਰਿਏਟ ਕਰਨੀ ਨਹੀਂ ਬਣਦੀ, ਆਰ.ਟੀ.ਆਈ. ਦੀ ਧਾਰਾ 7(9) ਅਨੁਸਾਰ ਜ਼ੋ ਸੂਚਨਾ ਮੰਗੀ ਜਿਸ ਤਰ੍ਹਾਂ ਮੌਜੂਦ ਹੋਵੇ ਦਿੱਤੀ ਜਾਣੀ ਹੈ।ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੀ ਜਾਣਕਾਰੀ ਪੱਤਰ ਮਿਤੀ 16-07-2019 ਰਾਹੀਂ ਭੇਜੀ ਹੋਈ ਹੈ, ਉਸ ਵਿਚ ਕੋਈ ਤਰੁੱਟੀਆਂ ਪਾਈਆਂ ਗਈਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਜ਼ਸਪਾਲ ਸਿੰਘ 97791-24213
ਮਕਾਨ ਨੰਂ 157 ਗਲੀ ਨੰ 8 ਏ ,
ਮੰਨਜੀਤ ਨਗਰ ਭਾਦਸੋ ਰੋਡ ਪਟਿਆਲਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਕਮ ਸਕੱਤਰ ਟਰਾਂਸਪੋਰਟ ਵਿਭਾਗ, ਕਮਰਾ ਨੰ 423 ਚੋਥੀ ਮੰਜਲ।
ਮਿਨੀ ਸਕੱਤਰੇਤ ਸੈਕਟਰ 9 ਚੰਡੀਗੜ।

ਪਹਿਲੀ ਅਪੀਲੀ ਅਥਾਰਟੀ
ਕਮ ਸਕੱਤਰ ਟਰਾਂਸਪੋਰਟ ਵਿਭਾਗ, ਕਮਰਾ ਨੰ 423 ਚੋਥੀ ਮੰਜਲ,
ਮਿਨੀ ਸਕੱਤਰੇਤ, ਸੈਕਟਰ 9 ਚੰਡੀਗੜ। ----- ਉੱਤਰਦਾਤਾ

**ਅਪੀਲ ਕੇਸ ਨੰ: 3573/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਜ਼ਸਪਾਲ ਸਿੰਘ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮੇਵਾ ਸਿੰਘ, (88724-70100), ਨਰਿੰਦਰ ਕੁਮਾਰ (90414-77201) ਅਤੇ ਸੀ ਅਸ਼ੋਕ ਕੁਮਾਰ, ਸੀਨੀਅਰ ਸਹਾਇਕ (94638-82563)

**ਹੁੱਕਮ:**

ਇਸ ਕੇਸ ਵਿਚ ਮਿਤੀ 06-11-2019 ਨੂੰ ਸੁਣਵਾਈ ਤੇ ਅਪੀਲਕਰਤਾ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ।ਇਸ ਤੋਂ ਇਲਾਵਾ ਅਪੀਲਕਰਤਾ ਵਲੋਂ ਪੱਤਰ ਮਿਤੀ 06-11-2019 ਵੀ ਪੇਸ਼ ਕੀਤਾ ਗਿਆ ਜਿਸ ਵਿਚ ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਇਸ ਲਈ ਲੋਕ ਸੂਚਨਾ ਅਧਿਕਾਰੀ ਅਤੇ ਸਬੰਧਤ ਅਧਿਕਾਰੀਆਂ ਵਿਰੁੱਧ ਅਰ.ਟੀ.ਐਕਟ 2005 ਅਨਸਾਰ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਹਰਜਾਨਾ ਪਾਇਆ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਮ ਦਾਸ, ਸੁਪਰਡੰਟ , ਟਰਾਂਸਪੋਰਟ ਵਿਭਾਗ, ਸ੍ਰੀ ਨਰਿੰਦਰ ਕੁਮਾਰ, ਸੀਨੀਅਰ ਸਹਾਇਕ,ਅਤੇ ਸ੍ਰੀ ਪ੍ਰਭਜੋਤ ਸਿੰਘ, ਪੀ.ਆਰ.ਟੀ.ਸੀ. ਹਾਜ਼ਰ ਹੋਏ।ਉਨ੍ਹਾਂ ਵਲੋਂ ਪੱਤਰ ਪਿੱਠ ਅੰਕਣ ਨੰ: 7524/ਪੀ.ਆਰ.ਟੀ.ਸੀ. ਮਿਤੀ 05-11-2019 , ਨੱਥੀ 28 ਸਹਿ ਪੱਤਰਾਂ ਸਹਿਤ ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਸੀ ਅਤੇ ਕਾਪੀ ਕਮਿਸ਼ਨ ਅਤੇ ਟਰਾਂਸਪੋਰਟ ਵਿਭਾਗ ਨੂੰ ਉਨ੍ਹਾਂ ਦੇ ਪੱਤਰ ਮਿਤੀ 15-05-2019 ਦੇ ਹਵਾਲੇ ਵਿਚ ਭੇਜੀ ਗਈ ਸੀ। ਦੋਨਾਂ ਧਿਰਾਂ ਪੇਸ਼ੀ ਤੇ ਹਾਜ਼ਰ ਹੋਈਆਂ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-04-2019 , ਲੋਕ ਸੂਚਨਾ ਅਧਿਕਾਰੀ ਕਮ ਸਕੱਤਰ ਟਰਾਂਸਪੋਰਟ ਵਿਭਾਗ ਨੂੰ ਦਿੱਤਾ ਗਿਆ ਸੀ। ਉਨ੍ਹਾਂ ਵਲੋਂ ਆਪਣੇ ਪੱਤਰ ਮਿਤੀ 24-04-2019 ਰਾਹੀਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਸੈਕਸ਼ਨ 6(3) ਅਧੀਨ ਇਹ ਬਿਨੈ ਪੱਤਰ ਡਾਇਰੈਕਟਰ, ਸਟੇਟ ਟਰਾਂਸਪੋਰਟ ਕਮ ਮੈਨੇਜਿੰਗ ਡਾਇਰੈਕਟਰ, ਪਨਬੱਸ, ਪੰਜਾਬ, ਚੰਡੀਗੜ੍ਹ ਨੂੰ ਭੇਜ ਦਿੱਤਾ ਗਿਆ। ਇਸ ਉਪਰੰਤ ਟਰਾਂਸਪੋਰਟ ਵਿਭਾਗ ਵਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਸੈਕਸ਼ਨ 6(3) ਅਧੀਨ ਪੱਤਰ ਮਿਤੀ 25-05-2019 ਰਾਹੀਂ ਮੈਨੇਜਿੰਗ ਡਾਇਰੈਕਟਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ਨੂੰ ਟਰਾਂਸਫਰ ਕੀਤਾ ਗਿਆ ਸੀ ਅਤੇ ਅਪੀਲਕਰਤਾ ਨੂੰ ਸੂਚਿਤ ਕੀਤਾ ਗਿਆ ਸੀ। ਪੀ.ਆਰ.ਟੀ.ਸੀ. ਪਟਿਆਲਾ ਨੂੰ ਪੱਤਰ ਮਿਤੀ 14-06-2019 ਰਾਹੀਂ ਆਰ.ਟੀ.ਆਈ. ਐਕਟ ਦੀ ਧਾਰਾ 4 ਅਧੀਨ ਦੂਜੇ ਲੋਕ ਸੂਚਨਾ ਅਧਿਕਾਰੀਆਂ ਨੂੰ ਸੂਚਨਾ ਦੇਣ ਲਈ ਲਿਖਿਆ ਗਿਆ ਅਤੇ ਅਪੀਲਕਰਤਾ ਨੂੰ ਸੂਚਿਤ ਕੀਤਾ ਗਿਆ। ਪੇਸ਼ੀ ਦੌਰਾਨ ਵੀ ਅਪੀਲਕਰਤਾ ਨੂੰ ਸੂਚਨਾ ਦਿੱਤੀ ਗਈ ,ਉਸ ਵਲੋਂ ਪੜ੍ਹਨ ਲਈ ਸਮਾਂ ਮੰਗਿਆ ਗਿਆ ਅਤੇ ਇਤਰਾਜ ਦਰਜ਼ ਕਰਵਾਇਆ ਗਿਆ ਕਿ ਸੂਚਨਾ ਲੇਟ ਦਿੱਤੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉੱਤਰਦਾਤਾ ਪੀ.ਆਰ.ਟੀ.ਸੀ. ਪਟਿਆਲਾ ਵਲੋਂ ਉਸਨੂੰ ਭੇਜੀ ਗਈ ਸੂਚਨਾ ਤੇ ਜ਼ੇ ਕੋਈ ਤਰੁੱਟੀਆਂ ਪਾਈਆਂ ਹਨ ਉਸ ਸਬੰਧੀ ਲੋਕ ਸੂਚਨਾ ਅਧਿਕਾਰੀ ਪੀ.ਆਰ.ਟੀ.ਸੀ. ਪਟਿਆਲਾ ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦੱਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਦੇ ਹੋਏ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3573/2019

ਅਪੀਲਕਰਤਾ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਅੱਜ ਅਪੀਲਕਰਤਾ ਸ੍ਰੀ ਜ਼ਸਪਾਲ ਸਿੰਘ ਪੇਸ਼ੀ ਤੇ ਹਾਜ਼ਰ ਹੋਇਆ। ਇਸ ਸਬੰਧ ਵਿਚ ਉਸ ਵਲੋਂ ਪੱਤਰ ਮਿਤੀ 07-11-2019 /26-11-2019 ਅਤੇ 30-11-2019 ਈ.ਮੇਲ ਰਾਹੀਂ ਈ.ਮੇਲ ਅਤੇ ਡਾਕ ਰਾਹੀ਼ ਭੇਜੇ ਗਏ। ਜ਼ੋ ਕਮਿਸ਼ਨ ਦੇ ਨਾਲ ਨਾਲ ਉੱਤਰਦਾਤਾ ਨੂੰ ਵੀ ਭੇਜੀ ਗਈ ਹੈ। ਮਿਸਲ ਤੇ ਰੱਖ ਲਿਆ ਗਿਆ ਹੈ। ਉਸ ਵਲੋਂ ਦਸਿਆ ਗਿਆ ਕਿ ਉਸ ਵਲੋਂ ਉੱਤਰਦਾਤਾ ਨੂੰ ਭੇਜੇ ਗਏ ਇਤਰਾਜਾਂ ਤੇ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮੇਵਾ ਸਿੰਘ, ਨਰਿੰਦਰ ਕੁਮਾਰ ਅਤੇ ਸੀ ਅਸ਼ੋਕ ਕੁਮਾਰ, ਸੀਨੀਅਰ ਸਹਾਇਕ ਹਾਜ਼ਰ ਹੋਏ। ਉਨ੍ਹਾਂ ਵਲੋਂ ਡਾਇਰੈਕਟਰ ਸਟੇਟ ਟਰਾਂਸਪੋਰਟ, ਪੰਜਾਬ ਚੰਡੀਗੜ੍ਹ ਦਾ ਪੱਤਰ ਨੰ: 69/ਆਰ.ਟੀ.ਆਈ.ਸਹਾਇਕ/4976-77 ਮਿਤੀ 03-12-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉੱਤਾਰਾ ਕਮਿਸ਼ਨ ਨੂੰ ਕੀਤਾ ਗਿਆ । ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਦੀ ਕਾਪੀ ਅਪੀਲਕਰਤਾ ਨੂੰ ਵੀ ਪੇਸ਼ੀ ਦੋਰਾਨ ਦਸੱਤੀ ਦੇ ਦਿੱਤੀ ਗਈ।

4. ਦੋਨਾਂ ਧਿਰਾਂ ਵਲੋਂ ਪੇਸ਼ ਹੋ ਕੇ ਦਿੱਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਇਤਰਾਜ ਦੂਰ ਕਰਨ ਸਬੰਧੀ ਉਕੱਤ ਪੱਤਰ ਜ਼ੋ ਮੋਕੇ ਤੇ ਅਪੀਲਕਰਤਾ ਨੂੰ ਦਿੱਤਾ ਗਿਆ। ਇਸ ਪੱਤਰ ਨੂੰ ਘੋਖਣ ਉਪਰੰਤ ਅਪੀਲਕਰਤਾ ਵਲੋਂ ਦਸਿਆ ਗਿਆ ਕਿ ਇਸ ਪੱਤਰ ਰਾਹੀਂ ਪਨਬੱਸ ਵਲੋਂ ਜ਼ੋ ਉੱਤਰ ਦਿੱਤਾ ਗਿਆ ਹੈ ਉਹ ਸਹੀ ਹੈ, ਪਰ ਪੀ.ਆਰ.ਟੀ.ਸੀ. ਅਤੇ ਵਿਭਾਗ ਵਲੋਂ ਦਿੱਤੀ ਗਈ ਸੂਚਨਾ ਸਹੀਂ ਨਹੀਂ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਿੱਤੇ ਗਏ ਇਤਰਾਜਾਂ ਸਬੰਧੀ ਬਣਦੀ ਸਹੀ ਸੂਚਨਾ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾਉਂਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 04 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸੁੱਖਾ ਸਿੰਘ 9465284183
ਪਿੰਡ ਤੇ ਡਾਕਖਾਨਾ ਧਰੰਗ ਵਾਲਾ,
(Dharangwala)ਤਹਿਸੀਲ ਅਬੋਹਰ ਜਿਲਾ ਫਾਜਿਲਕਾ । ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਿਜਨਲ ਟਰਾਂਸਪੋਰਟ ਅਥਾਰਟੀ ਫਿਰੋਜਪੁਰ।

ਪਹਿਲੀ ਅਪੀਲੀ ਅਥਾਰਟੀ ਕਮ ਸਟੇਟ ਟਰਾਂਸਪੋਰਟ ਕਮਿਸ਼ਨਰ
ਪੰਜਾਬ, ਚੰਡੀਗੜ। ------ਉੱਤਰਦਾਤਾ

**ਅਪੀਲ ਕੇਸ ਨੰ: 3601/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਮੈਡਮ ਨਵਸੰਗੀਤ, ਪ੍ਰਾਕਸੀ ਐਡਵੋਕੇਟ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਹਰਕੰਵਲ ਸਿੰਘ, (97802-238915)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-02-2019, ਲੋਕ ਸੂਚਨਾ ਅਧਿਕਾਰੀ ਦਫਤਰ ਰਿਜਨਲ ਟਰਾਂਸਪੋਰਟ ਅਥਾਰਟੀ ਫਿਰੋਜਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਛੋਟਾ ਹਾਥੀ ਸ਼ੇਖ ਫਰੀਦ ਆਟੋ ਕੰਪਨੀ ਤੋਂ ਫਾਈਨੈਂਸ ਤੇ ਖਰੀਦ ਕੀਤਾ ਸੀ ਜਿਸ ਸਬੰਧੀ 02 ਨੁਕਤਿਆਂ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 18-04-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 25-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 16-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 13-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ ਤੇ ਅਪੀਲਕਰਤਾ ਵਲੋਂ ਮੈਡਮ ਨਵਸੰਗੀਤ, ਪ੍ਰਾਕਸੀ ਐਡਵੋਕੇਟ ਪੇਸ਼ ਹੋਏ ਉਨ੍ਹਾਂ ਵਲੋਂ ਮਨੂ ਲੂਨਾ, ਵਕੀਲ ਦਾ ਵਕਾਲਤਨਾਮਾ ਪੇਸ਼ ਕੀਤਾ ਗਿਆ। ਉਨ੍ਹਾਂ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਅੱਜੇ ਤੱਕ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵਲੋਂ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਵਾਈ ਗਈ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ 10 ਦਿਨਾਂ ਦੇ ਅੰਦਰ ਅੰਦਰ ਮੁਹੱਈਆ ਕਰਵਾਈ ਜਾਵੇ ਅਤੇ ਹੁਣ ਤੱਕ ਸੂਚਨਾ ਕਿਉਂ ਨਹੀਂ ਦਿੱਤੀ ਗਈ ਅਤੇ ਪੇਸ਼ੀ ਦੀ ਮਿਤੀ ਤੇ ਹਾਜ਼ਰ ਕਿਉਂ ਨਹੀਂ ਹੋਏ, ਇਸ ਸੰਬਧੀ ਆਪਣਾ ਸਪਸ਼ੱਟੀਕਰਨ ਦਿੱਤਾ ਜਾਵੇ । ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

3. ਅੱਜ ਪੇਸ਼ੀ ਅਪੀਲਕਰਤਾ ਵਲੋਂ ਮੈਡਮ ਨਵਸੰਗੀਤ ਐਡਵੋਕੇਟ ਪੇਸ਼ ਹੋਏ ਉਨ੍ਹਾਂ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਅੱਜੇ ਤੱਕ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਹਰਕੰਵਲ ਸਿੰਘ, ਹਾਜ਼ਰ ਹੋਇਆ। ਉਸ ਵਲੋਂ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/1330 ਮਿਤੀ 06-11-2019 ਪੇਸ਼ ਕੀਤਾ ਗਿਆ, ਜ਼ੋ ਕਮਿਸ਼ਨ ਨੂੰ ਸੰਬੋਧਤ ਹੈ, ਮਿਸਲ ਤੇ ਰੱਖ ਲਿਆ

ਪਰਤੋ ਜੀ----ਚਲਦਾ ਪੰਨਾ 2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3601/2019**

ਗਿਆ ਹੈ। ਇਸ ਪੱਤਰ ਰਾਹੀਂ ਦਸਿਆ ਗਿਆ ਕਿ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/775 ਮਿਤੀ 25-07-2019 ਰਾਹੀਂ ਪਹਿਲਾਂ ਹੀ ਸੂਚਨਾ ਭੇਜੀ ਜਾ ਚੁੱਕੀ ਹੈ।

5. ਦੋਨਾਂ ਧਿਰਾਂ ਵਲੋਂ ਪੇਸ਼ ਕੀਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਮਿਤੀ 25-02-2019, ਲੋਕ ਸੂਚਨਾ ਅਧਿਕਾਰੀ ਦਫਤਰ ਰਿਜਨਲ ਟਰਾਂਸਪੋਰਟ ਅਥਾਰਟੀ ਫਿਰੋਜਪੁਰ ਨੂੰ ਅਰਜੀ ਪਾਈ ਗਈ ਸੀ ਜਿਸ ਰਾਹੀਂ ਉਸ ਨੇ ਛੋਟਾ ਹਾਥੀ ਸ਼ੇਖ ਫਰੀਦ ਆਟੋਮੋਵਾਇਲ ਕੰਪਨੀ ਤੋਂ ਫਾਈਨੈਂਸ ਕਰਵਾਕੇ ਖਰੀਦ ਕੀਤਾ ਸੀ ਜਿਸ ਸਬੰਧੀ ਉਸਦਾ ਰਜਿਸਟਰੇਸ਼ਨ ਨੰਬਰ ਅਤੇ ਵਿਅਕਤੀ ਦਾ ਨਾਮ ਜਿਸਦੇ ਨਾਮ ਤੇ ਰਜਿਸਟਰ ਹੈ ਸਬੰਧੀ ਸੂਚਨਾ ਮੰਗੀ ਗਈ ਸੀ। ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/775 ਮਿਤੀ 25-07-2019 ਜੋ ਅਪੀਲਕਰਤਾ ਨੂੰ ਸੰਬੋਧਤ ਹੈ ਰਾਹੀਂ ਸੂਚਿਤ ਕੀਤਾ ਗਿਆ ਕਿ ਇਸ ਚੈਸੀ ਨੰਬਰ ਅਤੇ ਇੰਜਨ ਨੰਬਰ ਦੇ ਸਨਮੁੱਖ ਕੋਈ ਵਹੀਕਲ ਰਜਿਸਟਰਡ ਨਹੀਂ ਹੋਇਆ ਹੈ । ਇਸ ਤਰ੍ਹਾਂ ਇਹ ਸੂਚਨਾ ਪਹਿਲਾਂ ਵੀ ਅਤੇ ਹੁਣ ਵੀ ਦੂਜੀ ਵਾਰ ਇਸ ਦੀ ਕਾਪੀ ਅੱਜ ਅਪੀਲਕਰਤਾ ਵਲੋਂ ਹਾਜ਼ਰ ਨੁਮਾਇੰਦੇ ਨੂੰ ਦੇ ਦਿੱਤੀ ਗਈ ਹੈ। ਅਪੀਲਕਰਤਾ ਦੇ ਨੁਮਾਂਇੰਦੇ ਵਲੋਂ ਇਸ ਤੇ ਸੰਤੁਸ਼ਟੀ ਪ੍ਰਗਟਾਈ ਗਈ ਹੈ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਨਰੇਸ਼ ਕੁਮਾਰ 01812742174 9501814235

21/01, ਕੈਂਪ ਏਰੀਆ, ਏਅਰ ਫੋਰਸ ਸਟੇਸ਼ਨ,

ਅਦਮਪੁਰ ਦੁਆਬਾ, ਜ਼ਿਲ੍ਹਾ ਜਲੰਧਰ. ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ਜਨਰਲ ਮੈਨੇਜਰ , ਪੀ.ਐੱਸ.ਆਈ.ਈ.ਸੀ ਸੈਕਟਰ 17,

ਉਦਯੋਗ ਭਵਨ, ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ, ਇਸਟੇਟ ਵਿੰਗ,

ਪੀ.ਐੱਸ.ਆਈ.ਈ.ਸੀ, ਉਦਯੋਗ ਭਵਨ, ਸੈਕਟਰ 17, ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ: 3168/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਨਰੇਸ਼ ਕੁਮਾਰ ਹਾਜ਼ਰ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੀ ਭਾਰਤ ਕੁਮਾਰ ਸ਼ਰਮਾਂ ਸੀਨੀਅਰ ਸਹਾਇਕ (89680-45388)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 07-09-2018, **ਲੋਕ ਸੂਚਨਾ ਅਧਿਕਾਰੀ ਜਨਰਲ ਮੈਨੇਜਰ , ਪੀ.ਐੱਸ.ਆਈ.ਈ.ਸੀ ਸੈਕਟਰ- 17, ਉਦਯੋਗ ਭਵਨ, ਪੰਜਾਬ, ਚੰਡੀਗੜ੍ਹ** ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵਲੋਂ ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮ: ਪਲਾਟ ਨੰ: ਡੀ.-25 ਫੋਕਲ ਪੁਆਇੰਟ ਕਪੂਰਥਲਾ ਸਬੰਧੀ 22 ਨੁਕਤਿਆਂ ਤੇ ਸੂਚਨਾ ਦੀ ਮੰਗ ਕੀਤੀ ਗਈ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 12-12-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 26-08-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 18-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 11-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਇਸ ਕੇਸ ਵਿਚ ਪਿਛਲੀ ਪੇਸ਼ੀ 11-10-2019 ਨੂੰ ਅਪੀਲਕਰਤਾ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਹ ਦਿੱਤੇ ਗਏ ਉੱਤਰ ਨਾਲ ਸਹਿਮਤ ਨਹੀਂ। ਇਸ ਲਈ ਉਸ ਨੂੰ ਸਹੀ ਅਤੇ ਮੁਕੰਮਲ ਸੂਚਨਾ ਮੁਹੱਈਆ ਕਰਵਾਈ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੀ ਤਰਫੋਂ ਹਾਜ਼ਰ ਸ੍ਰੀ ਵਿਜੈਪਾਲ ਸਿੰਘ, ਡਿਪਟੀ ਮੈਨੇਜਰ ਵਲੋਂ ਪੇਸ਼ੀ ਦੋਰਾਨ ਦਸਿਆ ਗਿਆ ਕਿ ਅਪੀਲਕਰਤਾ ਨੂੰ ਉਨ੍ਹਾਂ ਵਲੋਂ ਪਹਿਲਾਂ ਹੀ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ । ਉਤਰਦਾਤਾ (ਲੋਕ ਸੂਚਨਾ ਅਧਿਕਾਰੀ ) ਵਲੋਂ ਦਿੱਤੇ ਗਏ ਉੱਤਰ ਨਾਲ ਅਪੀਲਕਰਤਾ ਸੰਤੁਸ਼ਟ ਨਹੀਂ ਸੀ ਅਤੇ ਉਸਨੇ ਬੇਨਤੀ ਕੀਤੀ ਗਈ ਸੀ ਕਿ ਸਹੀ ਸੂਚਨਾ ਮੁਹੱਈਆ ਕਰਵਾਈ ਜਾਵੇ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਤਰਦਾਤਾ ਵਲੋਂ ਦਿੱਤੇ ਗਏ ਉੱਤਰ ਤੇ ਜੇਕਰ ਕੋਈ ਤਰੁੱਟੀਆਂ ਪਾਈਆਂ ਜਾਦੀਆਂ ਹਨ ਤਾਂ ਉੱਤਰ ਦੀ ਕਾਪੀ ਦੀ ਪ੍ਰਾਪਤੀ ਤੋਂ 10 ਦਿਨਾਂ ਦੇ ਅੰਦਰ ਅੰਦਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 13-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ । ਪਰ ਇਸ ਮਿਤੀ ਨੂੰ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਸੀ ਹੋਇਆ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਅਪੀਲਕਰਤਾ ਵਲੋਂ ਸ੍ਰੀ ਨਰੇਸ਼ ਕੁਮਾਰ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੁਕੰਮਲ ਸੂਚਨਾ ਨਹੀਂ ਦਿੱਤੀ ਗਈ। ਉਸ ਵਲੋਂ ਇਹ ਵੀ ਦਸਿਆ ਗਿਆ ਕਿ ਉਸ ਨੂੰ ਜੋ ਪਲਾਟ ਅਲਾਟ ਕੀਤਾ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3168/2019

ਗਿਆ ਹੈ ਉਹ 10-10 ਫੁੱਟ ਡੂੰਘਾ ਹੈ ਮੇਨਟੇਨ ਨਹੀਂ ਕੀਤਾ ਗਿਆ ਜਿਸ ਕਾਰਨ ਉਸ ਵਲੋਂ ਇਹ ਪਲਾਟ ਸਰੰਡਰ ਕੀਤਾ ਗਿਆ ਸੀ ਅਤੇ ਅਜੇ ਤੱਕ ਰੋਕੀ ਗਈ 10 ਪ੍ਰਤੀਸ਼ਤ ਅਰਨਸਟ ਮੰਨੀ ਵਾਪਸ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਜੋ ਸੂਚਨਾ ਮੰਗੀ ਗਈ ਸੀ ਉਸ ਸਬੰਧੀ ਮੁਕੰਮਲ ਜਾਣਕਾਰੀ ਨਹੀਂ ਦਿੱਤੀ ਜਾ ਰਹੀ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੀ ਭਾਰਤ ਕੁਮਾਰ ਸ਼ਰਮਾਂ ਸੀਨੀਅਰ ਸਹਾਇਕ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਜ਼ੋ ਵੀ ਇਤਰਾਜ ਦਰਜ਼ ਕਰਵਾਏ ਗਏ ਹਨ ਸਬੰਧੀ ਸਮੇਂ ਸਮੇਂ ਤੇ ਉਸਦਾ ਉੱਤਰ ਦਿੱਤਾ ਜਾਂਦਾ ਰਿਹਾ ਹੈ। ਉਸ ਵਲੋਂ ਅਪੀਲਕਰਤਾ ਨੂੰ ਸਮੇ ਸਮੇ ਦਿੱਤੇ ਉੱਤਰ ਦੀਆਂ ਕਾਪੀਆਂ ਪੇਸ਼ ਕੀਤੀਆਂ ਗਈਆਂ ਜਿਸ ਅਨੁਸਾਰ ਉਨ੍ਹਾਂ ਵਲੋਂ ਪੱਤਰ ਮਿਤੀ 29-01-2017 ਤੋਂ 28-01-2019 ਤੱਕ ਭੇਜੀ ਸੂਚਨਾ ਸਬੰਧੀ ਪੱਤਰ ਪੇਸ਼ ਕੀਤੇ ਗਏ, ਪੱਤਰ ਮਿਸਲ ਤੇ ਰੱਖ ਲਏ ਗਏ ਹਨ।

5. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜਾਂ ਨੂੰ ਘੋਖਿਆ ਗਿਆ। ਅਪੀਲਕਰਤਾ ਨੂੰ ਜ਼ੋ ਪਲਾਟ ਅਲਾਟ ਕੀਤਾ ਗਿਆ ਹੈ ਉਹ ਉਸ ਵਲੋਂ ਸਰੰਡਰ ਕਰ ਦਿੱਤਾ ਗਿਆ ਹੈ ਅਤੇ ਜਮਾਂ ਕਰਵਾਈ ਗਈ ਅਰਨਸਟ ਮੰਨੀ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਕਾਰਨ ਸੂਚਨਾ ਮੰਗੀ ਗਈ ਹੈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਪੱਤਰ ਮਿਤੀ 28-01-2019 ਰਾਹੀਂ ਡਿਟੇਲ ਵਿਚ ਜਾਣਕਾਰੀ ਭੇਜ਼ ਦਿੱਤੀ ਗਈ ਸੀ ਜਿਸ ਵਿਰੁੱਧ ਉਸ ਵਲੋਂ ਇਤਰਾਜ ਦਿੱਤਾ ਸੀ। ਦੋਨਾਂ ਧਿਰਾਂ ਦੀ ਹਾਜ਼ਰ ਵਿਚ ਬਹਿਸ ਹੋਈ ਉੱਤਰਦਾਤਾ ਨੇ ਆਪਣਾ ਉਹ ਹੀ ਸਟੈਂਡ ਦੁਹਰਾਇਆ ਕਿ ਜ਼ੋ ਜਾਣਕਾਰੀ ਮੰਗ ਰਿਹਾ ਹੈ, ਉਸ ਵਿਚੋਂ ਜ਼ੋ ਰਿਕਾਰਡ ਵਿਚ ਉਪਲਭਧ ਹੈ ਉਹ ਦੇ ਦਿੱਤੀ ਗਈ ਹੈ। ਅਪੀਲਕਰਤਾ ਦਾ ਮੁੱਖ ਇਤਰਾਜ ਇਹ ਹੈ ਕਿ ਜ਼ੋ ਪਲਾਟ ਨੰ: ਡੀ-25, 500 ਗੱਜ ਦਾ ਕਪੂਰਥਲਾ ਵਿਖੇ ਅਲਾਟ ਕੀਤਾ ਗਿਆ ਸੀ ਉਹ ਉਸ ਵਲੋਂ ਸਰੰਡਰ ਕਰ ਦਿੱਤਾ ਗਿਆ ਹੈ। 90 ਪ੍ਰਤੀਸ਼ਤ ਰਕਮ ਦੀ ਅਦਾਇਗੀ ਵਾਪਸ ਕਰ ਦਿੱਤੀ ਗਈ ਹੈ ਅਤੇ 10 ਪ੍ਰਤੀਸ਼ਤ ਨਹੀਂ ਦਿੱਤੀ ਉਸ ਬਾਰੇ ਜਾਣਕਾਰੀ ਮੰਗੀ ਗਈ ਹੈ। ਜਿਸ ਬਾਰੇ ਉਸਨੂੰ ਸੂਚਿਤ ਕੀਤਾ ਜਾ ਚੁੱਕਾ ਹੈ। ਪਰ ਜ਼ੋ ਜਾਣਕਾਰੀ ਮੰਗੀ ਗਈ ਹੈ ਉਸਦਾ ਸਬੰਧ ਉਸ ਨਾਲ ਨਹੀਂ ਕਿਉਂਜੋ ਜਿਨ੍ਹਾਂ ਨੂੰ ਪਲਾਟ ਅਲਾਟ ਕੀਤਾ ਜਾਂਦਾ ਹੈ ਕੇਵਲ ਉਨ੍ਹਾਂ ਸਬੰਧੀ ਹੀ ਰਿਕਾਰਡ ਰਖਿਆ ਜਾਂਦਾ ਹੈ, ਜਿਨ੍ਹਾਂ ਨੂੰ ਪਲਾਟ ਅਲਾਟ ਨਹੀਂ ਹੁੰਦਾ ਉਨ੍ਹਾਂ ਦਾ ਰਿਕਾਰਡ/ਅਰਜੀਆਂ ਨਹੀਂ ਰਖੀਆਂ ਜਾਂਦੀਆਂ। ਇਸ ਤਰ੍ਹਾਂ ਜ਼ੋ ਸੂਚਨਾ ਉਪਲਭਧ ਸੀ ਉਹ ਅਪੀਲਕਰਤਾ ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਜਾਣਕਾਰੀ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਾਰਵਾਈ ਦੀ ਲੋੜ ਨਹੀਂ। **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 04 **ਦਸੰਬਰ** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸੰਦੀਪ ਕੁਮਾਰ ਪੁੱਤਰ ਸ਼੍ਰੀ ਰਾਜ ਕੁਮਾਰ,
ਵਾਸੀ ਅਗਰਵਾਲ ਕਲੋਨੀ, ਵਾਰਡ ਨੰ:4 ਭਿੱਖੀ ,
ਤਹਿਸੀਲ ਤੇ ਜ਼ਿਲ੍ਹਾ ਮਾਨਸਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ।
ਪਹਿਲੀ ਅਪੀਲੀ ਅਥਾਰਟੀ ,
ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ। -------ਉੱਤਰਦਾਤਾ

**ਅਪੀਲ ਕੇਸ ਨੰ:1371 /2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ ।
2) ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਕਰਮਜੀਤ ਸਿੰਘ ਕਲਰਕ (94785-86345)।

**ਹੁੱਕਮ:**

ਪਿਛਲੀ ਪੇਸ਼ੀ ਦੀ ਮਿਤੀ 13-11-2019 ਨੂੰ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਰਾਹੀਂ ਸੂਚਿਤ ਕੀਤਾ ਗਿਆ ਕਿ 11 ਮਹੀਨੇ ਦਾ ਸਮਾਂ ਬੀਤ ਜਾਣ ਤੇ ਵੀ ਸੂਚਨਾ ਪ੍ਰਾਪਤ ਨਹੀ਼ ਹੋਈ ਸਿਰਫ ਟਾਲਮਟੋਲ ਕਰਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਸਨੂੰ ਸਫਰ ਕਰਨ ਵਿਚ ਕਾਫੀ ਦਿਕੱਤ ਆਉਂਦੀ ਹੈ ਇਸ ਲਈ ਜੁਰਮਾਨੇ ਦੀ ਕਾਰਵਾਈ ਕਰਦੇ ਹੋਏ ਸੂਚਨਾ ਜਲਦੀ ਮੁਹੱਈਆ ਕਰਵਾਈ ਜਾਵੇ। ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਸਹਾਇਕ ਲੋਕ ਸੂਚਨਾ ਅਫਸਰ ਵਲੋਂ ਪੱਤਰ ਨੰ: ਆਈ.ਐਸ.ਪੀ.ਐਲ./ਆਰ.ਟੀ.ਆਈ. ਮਿਤੀ 13-11-2019 ਰਾਹੀਂ ਸੁਚਿਤ ਕੀਤਾ ਗਿਆ ਕਿ ਸਬੰਧਤ ਕਰਮਚਾਰੀ ਸ੍ਰੀ ਮੁਕੇਸ਼ ਕੁਮਾਰ ਜੁਨੀਅਰ ਸਹਾਇਕ ਦੀ ਥਾਂ ਜੋ ਕਰਮਚਾਰੀ ਲਗਾਇਆ ਗਿਆ ਹੈ, ਨੂੰ ਪਹਿਲਾਂ ਹੀ ਕੋਰਟ ਵਿੱਚ ਰਿਕਾਰਡ ਪੇਸ਼ ਕਰਨ ਲਈ ਪਾਬੰਦ ਕੀਤਾ ਹੋਇਆ ਹੈ ਅਤੇ ਉਸ ਕੇਸ ਵਿਚ ਮਾਨਯੋਗ ਅਦਾਲਤ ਵੱਲੋਂ ਆਖਰੀ ਮੌਕਾ ਦਿੱਤਾ ਗਿਆ ਹੈ, ਇਸ ਦੀ ਪੁਸਟੀ ਵਜੋ ਵਾਰੰਟ ਦੀ ਕਾਪੀ ਵੀ ਲਾਈ ਗਈ ਸੀ। ਇਸ ਲਈ ਹਾਜ਼ਰੀ ਤੋਂ ਛੋਟ ਮੰਗੀ ਗਈ ਸੀ। ਦੋਨਾਂ ਧਿਰਾਂ ਵਲੋਂ ਪੇਸ਼ ਕੀਤੇ ਪੱਤਰਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਜਲਦੀ ਸੂਚਨਾ ਮੁਹੱਈਆ ਕਰਨ ਲਈ ਬੇਨਤੀ ਕੀਤੀ ਗਈ ਸੀ ਅਤੇ ਲੋਕ ਸੂਚਨਾ ਅਧਿਕਾਰੀ ਅਨੁਸਾਰ ਸਬੰਧਤ ਕਰਮਚਾਰੀ ਕਿਸੇ ਹੋਰ ਕੇਸ ਵਿਚ ਆਦਲਤ ਵਿਚ ਪਾਬੰਦ ਹੋਣ ਕਾਰਨ ਹਾਜ਼ਰ ਨਹੀਂ ਹੋ ਸਕਦਾ । ਇਸ ਲਈ ਦੋਨਾਂ ਧਿਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਪੇਸ਼ੀ ਦੀ ਮਿਤੀ ਤੇ ਹਾਜ਼ਰ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ ਮਿਤੀ 12-11-2019, 29-11-2019 ਅਤੇ 03-12-2019 ਰਾਹੀਂ ਦਸਿਆ ਗਿਆ ਕਿ ਉਸ ਨੂੰ ਅੱਜੇ ਤੱਕ ਕੋਈ ਸੂਚਨਾ ਨਹੀਂ ਦਿੱਤੀ ਗਈ ਜਦੋਂ ਇਸ ਕੇਸ ਵਿਚ 11 ਮਹੀਨੇ ਦਾ ਸਮਾਂ ਬੀਤ ਚੁੱਕਾ ਹੈ ।ਇਸ ਲਈ ਅਧਿਕਾਰੀ ਦੇ ਖਿਲਾਫ ਜੁਰਮਾਨੇ ਦੀ ਕਾਰਵਾਈ ਕਰਕੇ ਉਸਨੂੰ ਸੂਚਨਾ ਮੁਹੱਈਆਂ ਕਰਵਾਈ ਜਾਵੇ। ਉਸ ਦੇ ਮਾਮੀ ਜੀ ਦਾ ਭੋਗ ਹੋਣ ਕਰਕੇ ਉਹ ਹਾਜ਼ਰ ਨਹੀਂ ਹੋ ਸਕਦਾ।

3. ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਕਰਮਜੀਤ ਸਿੰਘ ਕਲਰਕ ਹਾਜ਼ਰ ਹੋਇਆ ਉਸ ਵਲੋ ਪੱਤਰ ਨ: 111/ਆਰ.ਟੀ.ਆਈ. ਮਿਤੀ 03-12-2019 ਪੇਸ਼ ਕੀਤਾ ਗਿਆ, ਜੋ ਅਪੀਲਕਰਤਾ ਨੂੰ ਸੰਬੋਧਤ ਹੈ,ਅਨੁਸਾਰ ਦਸਿਆ ਗਿਆ ਕਿ ਇਸ ਕੇਸ ਵਿਚ ਦੋਵੇਂ ਧਿਰਾਂ ਦੇ ਬਿਆਨ ਕਲਮਬੰਦ ਹੋ ਚੁੱਕੇ ਹਨ, ਪਰੰਤੂ ਅੰਤਿਮ ਫੈਸਲਾ ਬਾਕੀ ਹੈ, ਫੈਸਲਾ ਆਉਣ ਤੇ ਫੈਸਲੇ ਦੀ ਕਾਪੀ ਦੇ ਦਿੱਤੀ ਜਾਵੇਗੀ।

4. ਦੋਨਾਂ ਧਿਰਾਂ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਇਸ ਕੇਸ ਵਿਚ ਪਹਿਲਾਂ ਕੋਈ ਉੱਤਰ ਨਹੀਂ ਦਿੱਤਾ ਗਿਆ। ਅਪੀਲਕਰਤਾ ਵਲੋ ਮਿਤੀ 17-01-2019 ਨੂੰ ਆਰ.ਟੀ.ਆਈ. ਪਾ ਕੇ ਤਹਿਸੀਲਦਾਰ ਅਤੇ ਰੀਡਰ ਵਿਰੁੱਧ ਦਿੱਤੇ ਗਏ ਹਲਫਿਆ ਬਿਆਨ ਤੇ ਹੋਈ ਕਾਰਵਾਈ ਬਾਰੇ ਜਾਣਕਾਰੀ ਮੰਗੀ ਗਈ ਹੈ। ਪਰ ਐਸ.ਡੀ.ਐਮ. ਦਫਤਰ ਵਲੋਂ ਨਾ ਹੀ ਪਹਿਲਾਂ 30 ਦਿਨਾਂ ਵਿਚ ਅਤੇ ਨਾ ਹੀ ਪਹਿਲੀ ਅਪੀਲੀ ਕਰਨ ਤੇ ਕੋਈ ਸੂਚਨਾ ਦਿੱਤੀ ਗਈ ਅਤੇ ਨਾ ਹੀ ਪਿਛਲੀਆਂ ਮਿਤੀਆਂ ਨੂੰ ਉਨ੍ਹਾਂ ਦਾ ਕੋਈ ਅਧਿਕਾਰੀ ਹਾਜ਼ਰ ਹੋਇਆ।ਹਾਜ਼ਰ ਉੱਤਰਦਾਤਾ ਦੇ ਨੁਮਾਂਇੰਦੇ ਵਲੋਂ ਦਸਿਆ ਗਿਆ ਕਿ ਪੀ.ਆਈ.ਓ. ਮਿਤੀ 14-11-2019 ਤੋਂ 09-12-2019 ਛੁੱਟੀ ਤੇ ਚਲ ਰਹੀ ਹੈ, ਪਰ ਉਸਦੇ ਦਫਤਰ ਵਿਚ ਪਹਿਲਾਂ ਨੋਟਿਸ ਮਿਲੇ ਹੋਏ ਹੋਣਗੇ,

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 1371/2019**

ਪਰ ਮੈਡਮ ਤਰਨਜੀਤ ਕੋਰ, ਐਸ.ਡੀ.ਐਮ. ਵਲੋਂ ਕਿਸੇ ਵੀ ਨੋਟਿਸ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਦੇ ਡਿਪਾਰਟਮੈਂਟ ਦਾ ਕੋਈ ਕਰਮਚਾਰੀ ਹਾਜ਼ਰ ਹੋਇਆ। ਇਸ ਲਈ ਮੈਡਮ ਤਰਨਜੀਤ ਕੋਰ ਲੋਕ ਸੂਚਨਾ ਅਧਿਕਾਰੀ-ਕਮ-ਐਸ.ਡੀ.ਐਮ. ਮਾਨਸਾ ਨੂੰ ਸੂਚਨਾ ਦਾ ਅਧਿਕਾਰ ਐਕਟ,2005 ਦੇ ਭਾਗ 20 (1) ਤਹਿਤ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਉਹ ਹਲਫੀਆ-ਬਿਆਨ ਰਾਹੀਂ ਕਾਰਨ ਸਪੱਸ਼ਟ ਕਰਨ ਕਿ ਕਿਉਂ ਨਾ ਉਨ੍ਹਾਂ ਨੂੰ ਅਪੀਲਕਰਤਾ ਵੱਲੋਂ ਬਿਨੈ-ਪੱਤਰ ਪੇਸ਼ ਕਰਨ ਦੀ ਮਿਤੀ ਤੋਂ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰਨ ਦੀ ਮਿਤੀ ਤੱਕ 250/-ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਪਰ ਵੱਧ ਤੋਂ ਵੱਧ 25,000/-ਰੁਪਏ ਤੱਕ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇ। ਉਕਤ ਤਜਵੀਜ਼ਤ ਸਜ਼ਾ ਦੇਣ ਤੋਂ ਪਹਿਲਾਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਦੇ ਹੇਠਾਂ ਦਿੱਤੇ ਗਏ ਪ੍ਰੋਵੀਜ਼ੋ ਤਹਿਤ ਸਬੰਧਤ ਅਧਿਕਾਰੀ ਨੂੰ ਆਪਣਾ ਜਵਾਬ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣਾ ਲਿਖਤੀ ਜਵਾਬ ਪੇਸ਼ ਨਹੀਂ ਕਰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਵੀ ਨਹੀਂ ਕਹਿਣਾ ਚਾਹੁੰਦੇ ਅਤੇ ਐਕਟ ਦੇ ਉਪਬੰਧਾਂ ਤਹਿਤ ਉਨ੍ਹਾਂ ਵਿਰੁੱਧ ਬਣਦੀ ਅਗਲੇਰੀ ਇਕਤਰਫਾ ਕਾਰਵਾਈ ਕੀਤੀ ਜਾਵੇਗੀ।ਕਿਓਜੋ ਉਹ ਮਿਤੀ 09-12-2019 ਤੱਕ ਛੁੱਟੀ ਤੇ ਹਨ ਇਸ ਲਈ ਇਸ ਕੇਸ ਵਿਚ ਅਗਲੀ ਮਿਤੀ 21-01-2020 ਨਿਸਚਿਤ ਕੀਤੀ ਜਾਂਦੀ ਹੈ ਅਤੇ ਜਿਹੜੀ ਜਾਣਕਾਰੀ ਮਿਤੀ 03-12-2019 ਨੂੰ ਲਿਆਂਦੀ ਗਈ ਹੈ ਉਸ ਤੇ ਕਵਰਿੰਗ ਲੈਟਰ ਲਗਾ ਕੇ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜੀ ਜਾਵੇ। ਇਸ ਦੇ ਨਾਲ ਹੀ ਰੁ: 5000/- ਬਤੌਰ ਕੰਪਨਸੇਸ਼ਨ ਵਿਭਾਗ ਦੇ ਖਾਤੇ ਵਿਚੋਂ ਡਰਾਫਟ ਬਣਾਕੇ ਅਪੀਲਕਰਤਾ ਨੂੰ ਭੇਜਿਆ ਜਾਵੇ ਅਤੇ ਕਾਪੀ ਕਮਿਸ਼ਨ ਨੂੰ ਦਿੱਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 04 ਦਸੰਬਰ 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜਨਮੇਦ ਸਿੰਘ (98156-19820)
ਪਿੰਡ ਤੇ ਡਾਕਖਾਨਾ ਬਖੋਰਾਂ ਕਲਾਂ, ਤਹਿਸੀਲ ਲਹਿਰਾ,
ਜ਼ਿਲ੍ਹਾ ਸੰਗਰੂਰ। --------- ਸ਼ਿਕਾਇਤਕਰਤਾ

**ਬਨਾਮ**

ਲੋਕ ਸੂਚਨਾ ਅਧਿਕਾਰੀ,
ਐਸ.ਐੱਚ.ਓ. ਲਹਿਰਾ, ਜ਼ਿਲ੍ਹਾ ਸੰਗਰੂਰ। ----------ਉਤਰਦਾਤਾ

**ਸ਼ਿਕਾਇਤ ਕੇਸ ਨੰ: 724/2019**

**ਹਾਜ਼ਰ:-**

1) ਸ਼ਿਕਾਇਤਕਰਤਾ ਸ੍ਰੀ ਜਨਮੇਦ ਸਿੰਘ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਸੰਜੀਵ ਕੁਮਾਰ, ਏ.ਐਸ.ਆਈ (95010-11606)।

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 11-03-2019 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਐਸ.ਐੱਚ.ਓ. ਲਹਿਰਾ, ਜ਼ਿਲ੍ਹਾ ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਾਣਯੋਗ ਕੋਰਟ ਮੂਨਕ ਦੇ ਹੁਕੱਮ ਮਿਤੀ 24-05-2018 ਦੀ ਪਾਲਣਾ ਸਬੰਧੀ ਮਿਤੀ 08-06-2018 ਨੂੰ ਦਿੱਤੇ ਪੱਤਰ ਤੇ ਕੀਤੀ ਗਈ ਕਾਰਵਾਈ ਸਮੇਤ ਦਰਖਾਸਤ ਦੀਆਂ ਤਸਦੀਕ ਸੁਦਾ ਕਾਪੀਆਂ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ 05-08-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜੋ ਕਿ ਮਿਤੀ 09-08-2019 ਨੂੰ ਪ੍ਰਾਪਤ ਹੋਈ, ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-09-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 01-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਸੁਣਵਾਈ, ਮਿਤੀ 23-10-2019 ਨੂੰ ਸੀਨੀਅਰ ਸੁਪਰਡੰਟ ਆਫ ਪੁਲਿਸ, ਸੰਗਰੂਰ ਨੂੰ ਲਿਖਿਆ ਗਿਆ ਸੀ ਕਿ ਐਸ.ਐਚ.ਓ. ਲਹਿਰਾ ਆਰ.ਟੀ.ਆਈ. ਐਕਟ 2005 ਦੀ ਪਾਲਣਾ ਨਹੀਂ ਕਰ ਰਿਹਾ ਇਸ ਲਈ ਉਸ ਵਿਰੁੱਧ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਉਸਨੂੰ ਹਦਾਇਤ ਕੀਤੀ ਜਾਵੇ ਕਿ ਅਗਲੀ ਪੇਸ਼ੀ ਦੀ ਮਿਤੀ ਤੋਂ ਪਹਿਲਾਂ ਪਹਿਲਾਂ ਸ਼ਿਕਾਇਤਕਰਤਾ ਨੂੰ ਆਰ.ਟੀ.ਆਈ.ਐਕਟ ਤਹਿਤ ਬਣਦੀ ਸੂਚਨਾ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 13-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਸ਼ਿਕਾਇਤਕਰਤਾ ਸ੍ਰੀ ਜਨਮੇਦ ਸਿੰਘ ਪੇਸ਼ੀ ਤੇ ਹਾਜ਼ਰ ਹੋਇਆ।ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਨ੍ਹਾਂ ਦੇ ਦਫਤਰ ਵਲੋਂ ਟੈਲੀਫੋਨ ਤੇ ਸੂਚਿਤ ਕੀਤਾ ਗਿਆ ਕਿ ਇਸ ਕੇਸ ਵਿਚ ਨੁਮਾਇੰਦਾ ਭੇਜਿਆ ਗਿਆ ਹੈ ਜ਼ੋ ਹਾਜ਼ਰ ਹੋਵੇਗਾ ਈ.ਮੇਲ ਵੀ ਭੇਜੀ ਜਾ ਰਹੀ ਹੈ ਅਗਲੀ ਮਿਤੀ ਦਿੱਤੀ ਜਾਵੇ। ਕੋਰਟ ਦੀ ਕਾਰਵਾਈ ਖਤਮ ਹੋਣ ਉਪਰੰਤ ਲੋਕ ਸੂਚਨਾ ਅਧਿਕਾਰੀ ਵਲੋਂ ਸ੍ਰੀ ਸੰਜੀਵ ਕੁਮਾਰ, ਏ.ਐਸ.ਆਈ. ਹਾਜ਼ਰ ਹੋਇਆ ਉਸਨੂੰ ਅਦਾਲਤ ਵਿਚ ਹੋਈ ਕਾਰਵਾਈ ਬਾਰੇ ਜਾਣੂ ਕਰਵਾ ਦਿੱਤਾ ਗਿਆ। ਇਸ ਕੇਸ ਵਿਚ ਸ਼ਿਕਾਇਤਕਰਤਾ ਦੀ ਦਲੀਲ ਕਿ ਉਸਨੂੰ ਜਲਦੀ ਸੂਚਨਾ ਮੁਹੱਈਆ ਕਰਵਾਈ ਜਾਵੇ ਅਤੇ ਉੱਤਰਦਾਤਾ ਦੀ ਬੇਨਤੀ ਕਿ ਅਗਲੀ ਮਿਤੀ ਦਿੱਤੀ ਜਾਵੇ ਨੂੰ ਧਿਆਨ ਵਿਚ ਰਖਦੇ ਹੋਏ ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ ) ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਸਿਕਾਇਤਕਰਤਾ ਨੂੰ ਬਣਦੀ ਉੱਤਰ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਅਗਲੀ ਪੇਸ਼ੀ ਤੇ ਹਾਜ਼ਰ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਸ਼ਿਕਾਇਤਕਰਤਾ ਸ੍ਰੀ ਜਨਮੇਦ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮਿਤੀ 15-11-2019 ਨੂੰ ਰਿਕਾਰਡ ਵਿਖਾਇਆ ਗਿਆ ਪਰ ਜ਼ੋ ਦੂਜੇ ਧਿਰ ਦੇ ਬਿਆਨ ਦੀ ਕਾਪੀ ਉਹ ਮੰਗ ਰਿਹਾ ਹੈ ਉਹ ਰਿਕਾਰਡ ਵਿਚੋ ਮਿਸਪਲੇਸ ਸੀ ਅਤੇ ਉਸਨੂੰ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਸੰਜੀਵ ਕੁਮਾਰ, ਏ.ਐਸ.ਆਈ ਹਾਜ਼ਰ ਹੋਇਆ। ਉਸ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ:** 724/2019

ਵਲੋਂ ਪੱਤਰ ਨੰ:4030/5ਏ/ਪੀ.ਐਸ.ਲਹਿਰਾ ਮਿਤੀ 04-12-2019 ਪੇਸ਼ ਕੀਤਾ ਗਿਆ। ਜੋ ਮਿਸਲ ਤੇ ਰੱਖ ਲਿਆ ਗਿਆ ਹੈ।

5. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ/ਪੱਤਰ ਨੂੰ ਘੋਖਣ ਤੇ ਪਾਇਆ ਗਿਆ ਕਿ ਸ਼ਿਕਾਇਤਕਰਤਾ ਵਲੋਂ ਮਿਤੀ 08-06-2018 ਨੂੰ ਅਰਜੀ ਦਿੱਤੀ ਸੀ ਜਿਸ ਵਿਚ ਦੋਨਾਂ ਧਿਰਾਂ ਦੇ ਬਿਆਨਾਂ ਦੀਆਂ ਕਾਪੀਆਂ ਮੰਗੀਆਂ ਗਈਆਂ ਸਨ। ਸ਼ਿਕਾਇਤਕਰਤਾ ਦਾ ਇਹ ਕਹਿਣਾ ਕਿ ਜੋ ਭੋਲਾ ਰਾਮ ਦੇ ਬਿਆਨ ਲਏ ਗਏ ਸਨ ਦੀ ਕਾਪੀ ਨਹੀਂ ਦਿੱਤੀ ਗਈ। ਉੱਤਰਦਾਤਾ ਵਲੋਂ ਉਕਤ ਪਤਰ ਰਾਹੀਂ ਦਸਿਆ ਗਿਆ ਕਿ ਸ਼ਿਕਾਇਤਕਰਤਾ ਨੂੰ ਸਬੰਧਤ ਮਿਸਲ/ ਉਪਲਭਧ ਰਿਕਾਰਡ ਵਿਖਾ ਦਿੱਤਾ ਗਿਆ ਹੈ, ਉਸ ਵਿਚ ਭੋਲਾ ਰਾਮ ਦਾ ਬਿਆਨ ਨਹੀਂ ਲਿਆ ਗਿਆ ਅਤੇ ਨਾ ਹੀ ਮਿਸਲ ਵਿਚ ਉਪਲਭਧ ਹੈ ਜੋ ਮੋਕੇ ਤੇ ਪੇਸ਼ੀ ਦੋਰਾਨ ਵਿਖਾਈ ਗਈ। ਇਸ ਤਰ੍ਹਾਂ ਜੋ ਦਸਤਾਵੇਜ਼ ਰਿਕਾਰਡ ਵਿਚ ਹੈ ਉਹ ਹੀ ਦਿੱਤਾ ਜਾਣਾ ਹੈ ਸ਼ਿਕਾਇਤਕਰਤਾ ਦੀ ਇੱਛਾ ਅਨੁਸਾਰ ਨਹੀਂ ਦਿੱਤਾ ਜਾ ਸਕਦਾ। ਇਸ ਲਈ ਕਿਉਂਜੋ ਮੰਗਿਆ ਗਿਆ ਬਿਆਨ ਲੋਕ ਸੂਚਨਾ ਅਧਿਕਾਰੀ ਦੇ ਰਿਕਾਰਡ ਵਿਚ ਉਪਲਭਧ ਨਹੀਂ । ਇਸ ਲਈ ਇਸ ਕੇਸ ਵਿਚ ਹੋਰ ਕਾਰਵਾਈ ਦੀ ਲੋੜ ਨਹੀਂ। **ਇਹ ਸ਼ਿਕਾਇਤ ਦਾਖਲ ਦਫਤਰ** ਕੀਤਾ ਜਾਂਦਾ ਹੈ

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 04 **ਦਸੰਬਰ ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗਗਨਦੀਪ ਸਿੰਘ ਜੰਜੂਆ 9780643243
ਪਿੰਡ ਤੂਰਾ ਡਾਕਖਾਣਾ ਖੁੰਭ ਤਹਿਸੀਲ ਅਮਲੋਹ ।
ਫਤਿਹਗੜ ਸਾਹਿਬ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅੱਧਿਕਾਰੀ,
ਦਫਤਰ ਐਸ.ਡੀ.ਐਮ ਬੰਗਾ ਜਿਲਾ ਐਸ.ਬੀ.ਐਸ ਨਗਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਐਸ.ਡੀ.ਐਮ ਬੰਗਾ ਜਿਲਾ ਐਸ.ਬੀ.ਐਸ ਨਗਰ। ---------ਉੱਤਰਦਾਤਾ

**ਅਪੀਲ ਕੇਸ ਨੰ: 3477/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਕਲਰਕ (98763-18667)

**ਹੁੱਕਮ:**

ਪਿਛਲੀ ਮਿਤੀ 14-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ । ਅਪੀਲਕਰਤਾ ਸ੍ਰੀ ਗਗਨਦੀਪ ਸਿੰਘ ਜੰਜੂਆ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਅਜੇ ਤੱਕ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਮਨਦੀਪ ਸਿੰਘ, ਕਲਰਕ ਹਾਜ਼ਰ ਹੋਇਆ, ਉਸ ਵਲੋਂ ਮੰਗੀ ਗਈ ਸੂਚਨਾ ਮੁਹੱਈਆ ਕਰਵਾਉਣ ਲਈ ਹੋਰ ਸਮੇ ਦੀ ਮੰਗ ਕੀਤੀ ਗਈ । ਉੱਤਰਦਾਤਾ ਦੇ ਨੁਮਾਇੰਦੇ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਉਣ ਲਈ ਹੋਰ ਸਮੇ ਦੀ ਲੋੜ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਆਰ.ਟੀ.ਆਈ. ਐਕਟ,2005 ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਕਲਰਕ ਹਾਜ਼ਰ ਹੋਇਆ। ਉਸ ਵਲੋਂ ਪੱਤਰ ਨ: 6290/ਰੀਡਰ ਮਿਤੀ 15-04-2019 ਪੇਸ਼ ਕੀਤਾ ਗਿਆ । ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

4. ਅੱਜ ਅਪੀਲਕਰਤਾ ਹਾਜ਼ਰ ਨਹੀਂ ਹੋਇਆ। ਉੱਤਰਦਾਤਾ ਵਲੋਂ ਬਾਰ ਬਾਰ ਟਾਇਮ ਲੈਣ ਦੇ ਬਾਵਜੂਦ ਉੱਤਰ ਨਹੀਂ ਦਿੱਤਾ ਜਾ ਰਿਹਾ, ਅੱਜ ਵੀ ਉਹੀ ਪੱਤਰ ਪੇਸ਼ ਕੀਤਾ ਗਿਆ ਜ਼ੋ 15-04-2019 ਨੂੰ ਤਹਿਸੀਲਦਾਰ ਵਲੋਂ ਐਸ.ਡੀ.ਐਮ. ਬੰਗਾ ਨੂੰ ਲਿਖਿਆ ਹੋਇਆ ਹੈ ਜਦੋਂ ਕਿ ਅਪੀਲਕਰਤਾ ਵੀ ਇਹ ਹੀ ਪੁਛੱਣਾ ਚਾਹੁੰਦਾ ਹੈ ਕਿ ਡੇਰੇ ਤੇ ਆਪਣੇ ਆਪ ਕਬਜ਼ਾ ਕੀਤਾ ਹੋਇਆ ਹੈ ਇਹ ਕਿਸ ਆਧਾਰ ਤੇ ਲਿਖਿਆ ਗਿਆ । ਐਸ.ਡੀ.ਐਮ. ਵਲੋਂ ਉੱਤਰ ਦੇਣ ਲਈ ਕਮਿਸ਼ਨ ਤੋਂ 2 ਬਾਰ ਟਾਇਮ ਮੰਗਿਆ ਗਿਆ ਪਰ ਉੱਤਰ ਫਿਰ ਵੀ ਨਹੀਂ ਦਿੱਤਾ ਗਿਆ, ਜ਼ੋ ਪੱਤਰ ਉੱਤਰਦਾਤਾ ਦੇ ਨੁਮਾਇੰਦੇ ਨੇ ਪੇਸ਼ ਕੀਤਾ ਉਸ ਤੇ ਕੋਈ ਫਾਰਵਰਡਿੰਗ ਨਹੀਂ ਲਗਾਇਆ ਗਿਆ। ਇਸ ਤਰ੍ਹਾਂ ਉੱਤਰ 100 ਪ੍ਰਤੀਸ਼ਤ ਗਲੱਤ ਹੈ ਕਿਉਂਕਿ ਕੋਈ ਫਾਰਵਰਡਿੰਗ ਪੱਤਰ ਲਗਾ ਨਹੀਂ ਹੋਇਆ ਅਤੇ ਨਾ ਹੀ ਸਬੂਤ ਵਜੋਂ ਕੋਈ ਕਾਪੀ ਪੇਸ਼ ਕੀਤੀ ਗਈ , ਇਸ ਤਰ੍ਹਾਂ ਲਾਪ੍ਰਵਾਹੀ ਵਰਤੀ ਗਈ ਹੈ।ਇਸ ਲਈ ਪੀ.ਆਈ.ਓ. ਨੂੰ ਰੁ: 5000/- ਕੰਪਨਸੇਸ਼ਨ ਪਾਇਆ ਜਾਂਦਾ ਹੈ ਕਿ 2 ਵਾਰ ਤਰੀਕ ਲੈਣ ਦੇ ਬਾਵਜੂਦ ਉੱਤਰ ਨਹੀਂ ਦਿੱਤਾ। ਇਸ ਲਈ ਰੁ:5000/- ਵਿਭਾਗ ਦੇ ਖਾਤੇ ਵਿਚੋਂ ਡਰਾਫਟ ਬਣਾ ਕੇ ਅਪੀਲਕਰਤਾ ਨੂੰ ਦਿੱਤਾ ਜਾਵੇ ਅਤੇ ਐਸ.ਡੀ.ਐਮ. ਬੰਗਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤਹਿਸੀਲਦਾਰ ਬੰਗਾ ਤੋਂ ਪੱਤਰ ਲਿਖਕੇ ਇਹ ਪਤਾ ਕੀਤਾ ਜਾਵੇ ਕਿ ਇਹ ਸਬਦਾਵਲੀ ਕਿਸ ਆਧਾਰ ਤੇ ਲਿਖੀ ਗਈ ਹੈ । ਪ੍ਰਾਪਤ ਸੂਚਨਾ ਸਬੰਧੀ ਲਿਖਤੀ ਰੂਪ ਵਿਚ ਅਪੀਲਕਰਤਾ ਨੂੰ ਪੱਤਰ ਸੰਬੋਧਤ ਕਰਦੇ ਹੋਏ ਕਾਪੀ ਕਮਿਸ਼ਨ ਨੂੰ ਭੇਜੀ ਜਾਵੇ। ਪੇਸ਼ੀ ਤੇ ਹਾਜ਼ਰ ਨੁਮਾਇੰਦੇ ਵਲੋਂ ਇਹ ਵੀ ਦਸਿਆ ਗਿਆ ਕਿ ਤਹਿਸੀਲਦਾਰ ਵਲੋਂ ਕਿਹਾ ਗਿਆ ਕਿ ਕੋਈ ਲਿਖਤੀ ਜਵਾਬ ਨਹੀਂ ਦੇਣਾ, ਇਸ ਲਈ ਡਾ:ਅਜੀਤਪਾਲ ਸਿੰਘ, ਤਹਿਸੀਲਦਾਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਪੇਸ਼ੀ ਤੇ ਹਾਜਰ ਹੋਣ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਦਸੰਬਰ 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾ: ਹਰਸਿਮਰਨ ਸਿੰਘ, ਐਸੋਸੀਏਟ ਪ੍ਰੋਫੈਸਰ,
ਇੰਚਾਰਜ ਅਪਥੱਲਮਾਲੋਜੀ, ਵਿਭਾਗ ਯੂਨਿਟ 2,
ਸਰਕਾਰੀ ਮੈਡੀਕਲ ਕਾਲਜ਼ ਅਤੇ ਰਾਜਿੰਦਰਾ ਹਸਪਤਾਲ,
ਪਟਿਆਲਾ 147001 ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ
ਮੈਡੀਕਲ ਸਿੱਖਿਆ ਭਵਨ, ਸੈਕਟਰ 69 ਮੋਹਾਲੀ

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ
ਮੈਡੀਕਲ ਸਿੱਖਿਆ ਭਵਨ, ਸੈਕਟਰ 69 ਮੋਹਾਲੀ । --------ਉੱਤਰਦਾਤਾ

**ਅਪੀਲ ਨੰ: 3649/2019**

**ਹਾਜ਼ਰ:-**

1) ਅਪੀਲਕਰਤਾ ਡਾ: ਹਰਸਿਮਰਨ ਸਿੰਘ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀਮਤੀ ਕਰਨੈਲ ਕੌਰ ਸੀਨੀਅਰ ਸਹਾਇਕ (98144-77516)।

**ਹੁੱਕਮ:**

ਪਿਛਲੀ ਪੇਸ਼ੀ ਦੀ ਮਿਤੀ 19-11-2019 ਅਪੀਲਕਰਤਾ ਡਾ: ਹਰਸਿਮਰਨ ਸਿੰਘ ਹਾਜ਼ਰ ਹੋਇਆ ਸੀ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਸਹੀ ਜਾਣਕਾਰੀ ਨਹੀਂ ਦਿੱਤੀ ਗਈ। ਉਸ ਵਲੋਂ ਮਿਤੀ 22-04-2019 ਨੂੰ ਬਿਨੈ ਪੱਤਰ ਦਿੱਤਾ ਗਿਆ ਸੀ ਪਰ ਹੁਣ ਤੱਕ ਸਹੀ ਸੂਚਨਾ ਨਹੀਂ ਦਿੱਤੀ ਗਈ । ਜ਼ੋ ਦਸਤਾਵੇਜ਼ ਦਿੱਤੇ ਗਏ ਹਨ ਉਹ ਮੁਕੰਮਲ ਨਹੀਂ ਅਤੇ ਪੇਪਰਾਂ ਵਿਚ ਕੰਟਿੰਗ ਹੈ ਅਤੇ ਤਸਦੀਕ ਨਹੀਂ ਕੀਤੇ ਗਏ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀਮਤੀ ਕਰਨੈਲ ਕੌਰ ਸੀਨੀਅਰ ਸਹਾਇਕ ਹਾਜ਼ਰ ਹੋਈ ਉਸ ਵਲੋਂ ਦਸਿਆ ਗਿਆ ਕਿ ਪੱਤਰ ਮਿਤੀ 30-05-2019 ਰਾਹੀਂ ਸਾਰੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਪੀਲਕਰਤਾ ਨੂੰ ਭੇਜ਼ ਦਿੱਤੀਆਂ ਗਈਆਂ ਸਨ। ਪਰ ਅਪੀਲਕਰਤਾ ਦਾ ਇਤਰਾਜ ਇਹ ਹੈ ਕਿ ਜਿਹੜੇ ਦਸਤਾਵੇਜ਼ ਉਸਨੂੰ ਭੇਜੇ ਗਏ ਹਨ ਉਨ੍ਹਾਂ ਵਿਚ ਕੁਝ ਪੇਜ਼ ਕੱਟੇ ਹੋਏ ਹਨ ਅਤੇ ਪੇਜ਼ ਆਰ.ਟੀ.ਆਈ. ਦੇ ਤੋਰ ਤੇ ਤਸਦੀਕ ਨਹੀਂ ਅਤੇ ਕੁਝ ਦੀ ਜਾਣਕਾਰੀ ਅਧੂਰੀ ਹੈ। ਇਸ ਕਰਕੇ ਉੱਤਰਦਾਤਾ ਦੀ ਸਹਿਮਤੀ ਹੋਈ ਹੈ ਕਿ ਅਪੀਲਕਰਤਾ ਉਨ੍ਹਾਂ ਦੇ ਦਫਤਰ ਆ ਕੇ ਰਿਕਾਰਡ ਵੇਖ ਕੇ ਜਿਨ੍ਹਾਂ ਦਸਤਾਵੇਜ਼ਾਂ ਦੀ ਨਿਸ਼ਾਨਦੇਹੀ ਕਰੇਗਾ ਉਹ ਦਸਤਾਵੇਜ਼ ਉਸਨੂੰ ਤਸਦੀਕ ਕਰਕੇ ਦੇ ਦਿੱਤੇ ਜਾਣਗੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 04-12-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਅਪੀਲਕਰਤਾ ਡਾ: ਹਰਸਿਮਰਨ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।ਕੱਟੇ ਗਏ ਪੱਤਰਾਂ ਦੀਆਂ ਕਾਪੀਆਂ ਨਹੀਂ ਦਿੱਤੀਆਂ ਗਈਆਂ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀਮਤੀ ਕਰਨੈਲ ਕੌਰ ਸੀਨੀਅਰ ਸਹਾਇਕ, ਹਾਜ਼ਰ ਹੋਏ, ਉਨ੍ਹਾਂ ਵਲੋਂ ਦਸਿਆ ਗਿਆ ਕਿ 5-6 ਪੰਨਾ ਕੱਟੇ ਹੋਏ ਸਨ ਅਤੇ ਹੁਣ ਇਹ ਦਸਤਾਵੇਜ਼ ਉਪਲੱਭਧ ਹਨ ਜ਼ੋ ਕਿ ਉਸਨੂੰ ਦਫਤਰ ਜਾ ਕੇ ਮੁਹਈਆ ਕਰਵਾ ਦਿੱਤੇ ਜਾਣਗੇ।

5. ਦੋਨਾਂ ਧਿਰਾਂ ਵਲੋਂ ਆਪਸੀ ਸਹਿਮਤੀ ਨਾਲ ਫੈਸਲਾ ਲਿਆਂ ਗਿਆ ਕਿ ਅਪੀਲਕਰਤਾ ਵਲੋ ਦਸਣ ਅਨੁਸਾਰ ਜ਼ੋ ਬਾਕੀ ਰਹਿੰਦੇ 5-6 ਪੰਨੇ ਕੱਟੇ ਹੋਈ ਬਾਕੀ ਰਹਿ ਗਏ ਸਨ, ਉਹ ਉੱਤਰਦਾਤਾ ਦੇ ਦਫਤਰ ਜਾ ਕੇ ਪ੍ਰਾਪਤ ਕਰ ਸਕਦਾ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਬਾਕੀ ਰਹਿੰਦੇ ਦਸਤਾਵੇਜ਼ ਮੁਹੱਈਆ ਕਰਵਾਉਂਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 19-12-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 04 ਦਸੰਬਰ 2019.**